

ਵਾਈਸ ਚਾਂਸਲਰ ਸ. ਬਲਦੇਵ ਸਿੰਘ ਢਿੱਲੋਂ ਅਤੇ ਡਾ. ਕੇ. ਡੀ. ਕੋਕਾਟੇ ਸਾਬਕਾ ਡਿਪਟੀ ਡਾਇਰੈਕਟਰ ਜਨਰਲ ਨਵੀਂ ਦਿੱਲੀ ਕੋਲੋਂ ਕੁਲਵੰਤ ਕੌਰ 'ਸਰਦਾਰਨੀ ਜਗਬੀਰ ਕੌਰ ਗਰੇਵਾਲ ਮੈਮੋਰੀਅਲ ਪੁਰਸਕਾਰ' ਹਾਸਲ ਕਰਦੇ ਹੋਏ । ਸਾਬਕਾ ਨਿਰਦੇਸ਼ਕ ਪਸਾਰ ਸਿੱਖਿਆ ਡਾ. ਮੁਖਤਾਰ ਸਿੰਘ ਗਿੱਲ ਨਾਲ ਖੜ੍ਹੇ ਹਨ ।

# ਮਿਹਨਤਕਸ਼ ਕਿਸਾਨ ਬੀਬੀ
# ਸਰਦਾਰਨੀ ਕੁਲਵੰਤ ਕੌਰ

ਕਿੱਤਾ-ਮੁਖੀ ਸਿਖਲਾਈ ਲੈਣ ਨਾਲ ਜਿੱਥੇ ਬੇਰੁਜ਼ਗਾਰੀ ਦੀ ਸਮੱਸਿਆ ਨੂੰ ਠੱਲ੍ਹ ਪੈਂਦੀ ਹੈ ਉਥੇ ਪਰਿਵਾਰ ਦੀ ਆਮਦਨ ਵਿੱਚ ਵੀ ਵਾਧਾ ਹੁੰਦਾ ਹੈ ਅਤੇ ਆਤਮ ਨਿਰਭਰਤਾ ਨੂੰ ਵੀ ਸਹਾਰਾ ਮਿਲਦਾ ਹੈ । ਇਸ ਕਥਨ ਨੂੰ ਅਮਲੀਜਾਮਾ ਪਹਿਨਾਇਆ ਹੈ ਸਰਦਾਰਨੀ ਕੁਲਵੰਤ ਕੌਰ ਸੁਪਤਨੀ ਸ੍ਰੀਮਾਨ ਜਸਵਿੰਦਰ ਸਿੰਘ ਪਿੰਡ ਅਮਰਾਲਾ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ਨੇ ਜੋ ਕਿ ਅੰਡਰ ਮੈਟ੍ਰਿਕ ਪਾਸ ਹੀ ਹੈ । 54 ਸਾਲਾ ਕੁਲਵੰਤ ਕੌਰ ਦਾ ਸੰਨ 1983 ਵਿੱਚ ਵਿਆਹ ਹੋਇਆ ਉਦੋਂ ਤੋਂ ਇਹ ਢਾਈ ਏਕੜ ਪਿਤਾ-ਪੁਰਖੀ ਜ਼ਮੀਨ ਅਤੇ 15 ਏਕੜ ਠੇਕੇ ਤੇ ਜ਼ਮੀਨ ਲੈ ਕੇ ਕਣਕ-ਝੋਨਾ ਹੀ ਲਗਾ ਰਹੇ ਹਨ ਉਦੋਂ ਇਨ੍ਹਾਂ ਕੋਲ 25-30 ਮੱਝਾਂ ਸਨ ਅਤੇ ਦੁੱਧ ਵੇਚਣ ਦਾ ਕੰਮ ਕਰਦੇ ਸੀ । ਹੁਣ ਇਨ੍ਹਾਂ ਨੇ ਪਸ਼ੂਆਂ ਦਾ ਕੰਮ ਘਟਾ ਦਿੱਤਾ ਹੈ। ਹਾੜ੍ਹੀ ਵਿੱਚ ਕਣਕ 15 ਏਕੜ, ਚਾਰਾ 1 ਏਕੜ ਅਤੇ ਸੱਠੀ ਮੂੰਗੀ ਡੇਢ ਏਕੜ ਲਗਾਉਂਦੇ ਹਨ । ਸਾਉਣੀ ਵੇਲੇ ਝੋਨਾ 15 ਏਕੜ, ਹਲਦੀ ਡੇਢ ਏਕੜ ਅਤੇ ਚਾਰਾ ਇੱਕ ਏਕੜ ਵਿੱਚ ਉਗਾਉਂਦੇ ਹਨ । ਹਲਦੀ ਦਾ ਝਾੜ 60-70 ਕੁਇੰਟਲ/ਏਕੜ ਹੋ ਜਾਂਦਾ ਹੈ । ਉਨ੍ਹਾਂ ਨੇ ਆਉਲੇ ਦਾ ਇੱਕ ਦਰਖਤ ਉਗਾਇਆ ਹੋਇਆ ਹੈ ਜਿਸ ਦੇ ਫ਼ਲ ਤੋਂ ਵੱਖ-ਵੱਖ ਪਦਾਰਥ ਬਣਾਉਂਦੇ ਹਨ ।

32 ਸਾਲਾ ਖੇਤੀ ਦਾ ਤਜ਼ਰਬਾ ਹਾਸਲ ਹੋਣ ਦੇ ਨਾਲ ਨਾਲ 4 ਸਾਲ ਖੇਤੀ ਅਧਾਰਿਤ ਕਿੱਤਿਆਂ ਬਾਰੇ ਵੀ ਤਜ਼ਰਬਾ ਹਾਸਲ ਹੈ । ਖੇਤੀ ਕਾਰਜ ਨਾਲ ਜੁੜੇ ਸ੍ਰੀਮਤੀ ਕੁਲਵੰਤ ਕੌਰ ਆਪਣੀ ਜਗਿਆਸਾ ਸਦਕਾ ਅਖ਼ਬਾਰ ਵਿੱਚ ਪੜ੍ਹਨ ਮਗਰੋਂ ਆਪਣੇ ਨੇੜੇ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਫਤਿਹਗੜ੍ਹ ਸਾਹਿਬ, ਫ਼ਲਾਂ ਅਤੇ ਸਬਜ਼ੀਆਂ ਦੀ ਸਾਂਭ-ਸੰਭਾਲ ਦੀ ਸਿਖਲਾਈ ਸੰਨ 2011 ਵਿੱਚ ਲੈਣ ਗਏ ਅਤੇ ਪੰਜ ਦਿਨਾਂ ਦੇ ਸਿਖਲਾਈ ਕੋਰਸ ਦੇ ਅਖੀਰਲੇ ਦਿਨ ਹੋਏ ਮੁਕਾਬਲਿਆਂ ਵਿੱਚ ਸੇਬ ਦਾ ਜੈਮ ਅਤੇ ਹਲਦੀ ਦੇ ਅਚਾਰ ਬਣਾਉਣ ਵਿੱਚ ਪਹਿਲਾ ਇਨਾਮ ਜਿੱਤਿਆ । ਜਿੱਤੇ ਹੋਏ ਇਨਾਮ ਨੇ ਉਨ੍ਹਾਂ ਦੇ ਮਨ ਵਿੱਚ ਕੁਝ ਕਰਨ ਦਾ ਹੌਂਸਲਾ ਪੈਦਾ ਕੀਤਾ ਅਤੇ ਉਹ ਨਵੇਂ ਰਾਹਾਂ ਤੇ ਤੁਰ ਪਏ । ਉਨ੍ਹਾਂ ਨੇ ਹਲਦੀ ਦਾ ਅਚਾਰ

ਤਿਆਰ ਕਰਕੇ ਵੇਚਣਾ ਸ਼ੁਰੂ ਕਰ ਦਿੱਤਾ । ਹਲਦੀ ਦਾ ਅਚਾਰ 150 ਪ੍ਰਤੀ ਕਿਲੋ ਵੇਚਦੇ ਹਨ ਅਤੇ ਜਿਸਦੀ ਵਿਕਰੀ ਭਾਰੀ ਮਾਤਰਾ ਵਿੱਚ ਹੁੰਦੀ ਹੈ । ਉਨ੍ਹਾਂ ਦੇ ਆਤਮ ਨਿਰਭਰਤਾ ਦੇ ਸਫ਼ਰ ਦੀ ਰਫ਼ਤਾਰ ਦਿਨੋ ਦਿਨ ਵੱਧਦੀ ਗਈ ਅਤੇ ਇਸ ਤਹਿਤ ਉਨ੍ਹਾਂ ਨੇ ਹੋਰ ਪਦਾਰਥ ਤਿਆਰ ਕਰਨ ਲਈ ਕ੍ਰਿਸ਼ੀ ਵਿਗਿਆਨ ਕੇਂਦਰ, ਸਮਰਾਲਾ ਵਿਖੇ ਵੀ ਸਿਖਲਾਈ ਲੈਣੀ ਸ਼ੁਰੂ ਕਰ ਦਿੱਤੀ ਜਿਸ ਤਹਿਤ ਉਨ੍ਹਾਂ ਨੇ ਲੀਸਾਪੋਲ, ਫਿਨਾਇਲ, ਸਾਬਣ, ਆਮਲਾ ਦਾ ਜੂਸ, ਆਮਲੇ ਦੀ ਚਟਨੀ ਅਤੇ ਅਚਾਰ ਆਦਿ ਬਣਾਉਣ ਦੀ ਸਿਖਲਾਈ ਲਈ। ਉਹ ਦਿੱਲੀ ਸ਼ਹਿਰ ਵਿੱਚ ਆਮਲੇ ਦਾ ਜੂਸ ਬਣਾਉਣ ਵਾਲੀ ਮਸ਼ੀਨ ਖਰੀਦਣ ਗਏ ਸੀ, ਆਪਣੀ ਸੂਝ ਬੂਝ ਨਾਲ ਦੁਕਾਨਦਾਰ ਦੇ ਦੱਸੇ ਤਰੀਕੇ ਅਨੁਸਾਰ ਉਨ੍ਹਾਂ ਨੇ ਐਲੋਵੇਰਾ ਸ਼ੈਪੂ, ਐਲੋਵੇਰਾ ਜੈਲ, ਜੂਸ ਅਤੇ ਹੈਂਡਵਾਸ਼ ਬਣਾਉਣਾ ਸਿੱਖ ਲਿਆ ਅਤੇ ਘਰ ਆ ਕੇ ਇਨ੍ਹਾਂ ਤਰੀਕਿਆਂ ਨੂੰ ਅਮਲੀ ਜਾਮਾ ਪਹਿਨਾਇਆ । ਜਦ ਉਨ੍ਹਾਂ ਨੇ ਇਹ ਪਦਾਰਥ ਸਹੀ ਤਰੀਕੇ ਨਾਲ ਬਣਾ ਲਏ ਤਾਂ ਉਨ੍ਹਾਂ ਵਿੱਚ ਆਤਮ ਵਿਸ਼ਵਾਸ਼ ਹੋਰ ਵਧ ਗਿਆ ਅਤੇ ਇਹ ਪਦਾਰਥ ਵੀ ਉਨ੍ਹਾਂ ਨੇ ਬਣਾ ਕੇ ਵੇਚਣੇ ਸ਼ੁਰੂ ਕਰ ਦਿੱਤੇ । ਉਸ ਤੋਂ ਬਾਅਦ ਉਹ ਪੀ ਏ ਯੂ ਕਿਸਾਨ ਕਲੱਬ ਦੇ ਮੈਂਬਰ ਸੰਨ 2012 ਵਿੱਚ ਬਣੇ ਅਤੇ ਉਹ ਦੱਸਦੇ ਹਨ ਕਿ ਉਹ ਪੀ ਏ ਯੂ ਦੇ ਕਿਸਾਨ ਕਲੱਬ ਦੇ ਮੈਂਬਰ ਬਣਨ ਉਪਰੰਤ ਹਰੇਕ ਲੋੜੀਂਦੀ ਸਿਖਲਾਈ ਲੈਂਦੇ ਹਨ । ਉਨ੍ਹਾਂ ਨੇ ਆਪਣੀ ਕਣਕ-ਝੋਨੇ ਦੀ ਖੇਤੀ ਤੋਂ ਇਲਾਵਾ ਖੇਤਾਂ ਵਿੱਚ ਹਲਦੀ, ਗੰਨਾ ਐਲੋਵੇਰਾ, ਤੁਲਸੀ ਅਤੇ ਸਟੀਵੀਆ ਦੀ ਫ਼ਸਲ ਵੀ ਲਗਾਉਣੀ ਸ਼ੁਰੂ ਕੀਤੀ । ਹੁਣ ਉਹ ਹਲਦੀ ਢਾਈ ਏਕੜ ਰਕਬੇ ਵਿੱਚ ਲਗਾਉਂਦੇ ਹਨ ਜਿਸ ਤੋਂ ਹਲਦੀ ਦਾ ਅਚਾਰ, ਹਲਦੀ ਪਾਊਡਰ, ਹਲਦੀ ਦੀ ਪੰਜੀਰੀ ਬਣਾ ਕੇ ਵੇਚਦੇ ਹਨ । ਹਲਦੀ ਦੀ ਪੰਜੀਰੀ ਉਹ ਵੇਸਣ, ਆਟਾ ਅਤੇ ਦੇਸੀ ਘਿਉ ਪਾ ਕੇ ਬਣਾਉਂਦੇ ਹਨ ਜੋ ਕਿ ਗਾਹਕਾਂ ਵੱਲੋਂ ਬੇਹੱਦ ਪਸੰਦ ਕੀਤੀ ਜਾਂਦੀ ਹੈ ।

ਸਟੀਵੀਆ ਦੀ ਫ਼ਸਲ ਉਗਾਉਣ ਵੇਲੇ ਉਨ੍ਹਾਂ ਨੇ 1000 ਬੂਟੇ ਲਗਾਏ ਸੀ ਪਰ ਅੱਧੇ ਬੂਟੇ ਹੀ ਅੰਤ ਤੱਕ ਕਾਮਯਾਬ ਰਹੇ । ਸਟੀਵੀਆ ਦੀ ਫ਼ਸਲ 1500 ਰੁਪਏ ਕਿੱਲੋ ਰੁਪਏ ਹੋਣ ਕਰਕੇ ਆਮ ਗਾਹਕਾਂ ਦੀ ਮੰਗ ਤੋਂ ਬਾਹਰ ਹੋਣ ਕਰਕੇ ਉਹ ਗਰੀਨ-ਟੀ ਬਾਜ਼ਾਰੋਂ ਮੁੱਲ ਲੈ ਕੇ ਸਟੀਵੀਆ ਮਿਲਾ ਕੇ 150 ਰੁਪਏ ਪ੍ਰਤੀ 100 ਗ੍ਰਾਮ ਵੇਚਦੇ ਹਨ ਜੋ ਕਿ ਸ਼ੂਗਰ ਦੇ ਰੋਗੀਆਂ ਲਈ ਅਤਿਅੰਤ ਲਾਭਕਾਰੀ ਹੈ । ਇਹ ਚਾਹ ਉਨ੍ਹਾਂ ਦੀ ਖਾਸ ਤੌਰ ਤੇ ਨੇੜਲੇ ਨਰਸਰੀ ਹੋਮ ਵਾਲੇ ਖਰੀਦ ਲੈਂਦੇ ਹਨ।

ਅੱਜਕੱਲ ਉਹ ਕੁੱਲ 40 ਪਦਾਰਥ ਬਣਾ ਕੇ ਆਲੇ ਦੁਆਲੇ ਦੇ ਲੋਕਾਂ ਵਿੱਚ ਅਤੇ ਪੀ ਏ ਯੂ ਕਿਸਾਨ ਮੇਲਿਆਂ ਤੇ ਵੇਚਦੇ ਹਨ । ਇਨ੍ਹਾਂ ਪਦਾਰਥਾਂ ਵਿੱਚ ਆਮਲੇ ਦਾ ਅਚਾਰ, ਆਮਲਾ ਬਰਫ਼ੀ, ਆਮਲਾ ਕੈਂਡੀ, ਆਮਲਾ ਜੂਸ, ਅਦਰਕ ਦਾ ਅਚਾਰ, ਰਲਿਆ ਮਿਲਿਆ ਅਚਾਰ, ਲਸਣ ਦਾ ਅਚਾਰ, ਅੰਬ ਦਾ ਅਚਾਰ ਅਤੇ ਚਟਨੀ, ਸ਼ੁਕੈਸ਼ ਜਿਵੇਂ ਕਿ ਨਿੰਬੂ, ਅੰਬ, ਬਦਾਮ, ਲੀਚੀ ਸ਼ਾਮਲ ਹਨ । ਸੱਤ ਰਸ ਸੁਕੈਸ਼ ਵਿੱਚ ਉਹ ਤੁਲਸੀ, ਅਦਰਕ, ਲਸਣ, ਸੇਬ ਦਾ ਸਿਰਕਾ, ਸ਼ਹਿਦ, ਐਲੋਵੇਰਾ ਅਤੇ ਆਮਲਾ ਦਾ ਮਿਸ਼ਰਣ ਪਾਉਂਦੇ ਹਨ ਜੋ ਕਿ ਦਿਲ ਦੇ ਮਰੀਜ਼ਾਂ ਲਈ ਰਾਮ ਬਾਣ ਦਵਾਈ ਹੈ ।

ਉਸਦੇ ਖੇਤਾਂ ਵਿੱਚ ਜ਼ਰੂਰਤ ਮੰਦ ਸਾਰੀ ਮਸ਼ੀਨਰੀ ਉਪਲੱਬਧ ਹੈ ਅਤੇ ਉਨ੍ਹਾਂ ਨੇ ਸਾਰੇ ਖੇਤਾਂ ਨੂੰ ਲੇਜ਼ਰ ਲੈਵਲਰ ਨਾਲ ਪੱਧਰਾ ਕੀਤਾ ਹੋਇਆ ਹੈ । ਉਨ੍ਹਾਂ ਦੇ ਪਤੀ ਵੀ ਸ਼ੁਰੂ ਤੋਂ ਉਨ੍ਹਾਂ ਨਾਲ ਖੇਤੀ ਅਤੇ ਖੇਤੀ ਅਧਾਰਿਤ ਕੰਮਾਂ ਵਿੱਚ ਪੂਰਾ ਸਾਥ ਦਿੰਦੇ ਆ ਰਹੇ ਹਨ । ਉਨ੍ਹਾਂ ਦੇ ਦੋ ਬੱਚੇ ਹਨ ਲੜਕੀ ਪੜ੍ਹ ਲਿਖ ਕੇ ਸਰਕਾਰੀ ਨੌਕਰੀ ਕਰ ਰਹੀ ਹੈ ਤੇ ਸਪੁੱਤਰ ਵੀ ਆਪਣੇ ਮਾਤਾ-ਪਿਤਾ ਨਾਲ ਇਸ ਕਿੱਤੇ ਵਿੱਚ ਹੱਥ ਵਟਾ ਰਿਹਾ ਹੈ । ਇਹ ਕਹਿ ਲਉ ਕਿ ਸਾਰਾ ਪਰਿਵਾਰ ਇਸ ਕਿੱਤੇ ਵਿੱਚ ਪੂਰੀ ਤਰ੍ਹਾਂ ਸ਼ਾਮਲ ਹੈ । ਉਹ ਦੱਸਦੇ ਹਨ ਕਿ ਉਹ ਆਪਣਾ ਸਾਰਾ ਧਿਆਨ ਪਦਾਰਥ ਬਣਾ ਕੇ ਵੇਚਣ ਵੱਲ ਜ਼ਿਆਦਾ ਦੇਣ ਕਰਕੇ ਖੇਤੀ ਵਾਲਾ ਕੰਮ ਘਟਾਉਣ ਜਾ ਰਹੇ ਹਨ ਤਾਂ ਜੋ ਇਸ ਕਿੱਤੇ ਵੱਲ ਪੂਰਾ ਧਿਆਨ ਦਿੱਤਾ ਜਾ ਸਕੇ ।

ਉਨ੍ਹਾਂ ਨੂੰ ਪਟਿਆਲਾ ਵਿਖੇ ਕਿਸਾਨ ਮੇਲੇ ਵਿੱਚ ਹੋਏ ਮੁਕਾਬਲਿਆਂ ਦੌਰਾਨ ਵਧੀਆ ਹਲਦੀ ਦੇ ਪਦਾਰਥਾਂ ਲਈ ਪਹਿਲਾ ਇਨਾਮ ਵੀ ਹਾਸਲ ਹੋਇਆ ਹੈ । ਇਸ ਤੋਂ ਇਲਾਵਾ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਵਿਖੇ ਆਯੋਜਿਤ ਸਤੰਬਰ 2013 ਦੇ ਕਿਸਾਨ ਮੇਲੇ ਵਿੱਚ ਸਰਦਾਰਨੀ ਜਗਬੀਰ ਕੌਰ ਗਰੇਵਾਲ ਮੈਮੋਰੀਅਲ ਅਵਾਰਡ ਨਾਲ ਨਿਵਾਜ਼ਿਆ ਗਿਆ ਸੀ ।